

## Enrolment policy - Punjabi

# ਦਾਖਲੇ ਦੀ ਨੀਤੀ

## ਮਾਪਿਆਂ ਲਈ ਜਾਣਕਾਰੀ

NSW ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਥੀਆਂ ਦੇ ਦਾਖਲੇ ਦੀ ਨੀਤੀ *ਐਜੂਕੇਸ਼ਨ ਐਕਟ 1990* ਅਧੀਨ ਸਕੂਲਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਸਹਾਇਤਾ ਲਈ ਰੱਖੀ ਗਈ ਹੈ – ਇਹ ਯਕੀਨੀ ਬਣਾਉਣ ਲਈ ਕਿ ਹਰੇਕ ਵਿਦਿਆਰਥੀ ਲਈ ਉਨ੍ਹਾਂ ਦੇ ਸਥਾਨਕ ਸਕੂਲ ਵਿੱਚ ਜਗ੍ਹਾ ਹੈ। ਇਹ ਨੀਤੀ ਸਟਾਫ ਅਤੇ ਭਾਈਚਾਰੇ ਨੂੰ ਪਾਰਦਰਸ਼ੀ ਪ੍ਰਕਿਰਿਆ ਦੇ ਹੋਣ ਬਾਰੇ ਵੀ ਸੁਨੇਹਾ ਦਿੰਦੀ ਹੈ।

### ਇਸ ਦਾਖਲੇ (ਐਨਰੋਲਮੈਂਟ) ਨੀਤੀ ਨੂੰ ਸੋਧਿਆ ਕਿਉਂ ਗਿਆ?

ਰਾਜ ਪੱਧਰ 'ਤੇ, ਕਈ ਭਾਈਚਾਰਿਆਂ ਵਿੱਚ ਬਦਲਾਵ ਆ ਰਹੇ ਹਨ। ਕਈ ਤਾਂ ਅਜਿਹੀ ਰਫਤਾਰ 'ਤੇ ਵੱਧ ਰਹੇ ਹਨ ਜੋ ਪਹਿਲਾਂ ਕਦੇ ਵੀ ਨਹੀਂ ਵਿਖੇ ਗਏ ਸਨ। ਕੁਝ ਸਕੂਲ ਜੋ ਖੇਤਰ ਤੋਂ ਬਾਹਰਲੇ ਦਾਖਲਿਆਂ ਨੂੰ ਸਵੀਕਾਰ ਕਰਨ ਦੇ ਯੋਗ ਹੁੰਦੇ ਸਨ, ਹੁਣ ਉਨ੍ਹਾਂ ਕੋਲ ਅਜਿਹਾ ਕਰਨ ਲਈ ਜਗ੍ਹਾ ਨਹੀਂ ਹੈ।

ਇਹ ਸੋਧੀ ਹੋਈ ਨੀਤੀ ਸਕੂਲਾਂ ਦੇ ਸਾਰੇ ਦਾਖਲਿਆਂ ਦੀਆਂ ਅਰਜੀਆਂ ਦਾ ਪ੍ਰਬੰਧਨ ਕਰਨ, ਫੈਸਲੇ ਲੈਣ ਵਿੱਚ ਵਧੇਰੇ ਇਕਸਾਰਤਾ ਨੂੰ ਉਤਸ਼ਾਹਿਤ ਕਰਨ ਅਤੇ ਮਾਪਿਆਂ ਲਈ ਦਾਖਲੇ ਦੀਆਂ ਚੋਣਾਂ ਸਬੰਧੀ ਸਪਸ਼ਟੀਕਰਨ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ।

### ਤਬਦੀਲੀਆਂ ਕੀ ਹਨ?

#### The enrolment cap

The enrolment cap ਵਿਦਿਆਰਥੀਆਂ ਦੀ ਉਹ ਗਿਣਤੀ ਹੁੰਦੀ ਹੈ ਜੋ ਸਕੂਲ ਦੀ ਸਥਾਈ ਰਿਹਾਇਸ਼ ਦੇ ਅਧਾਰ ਤੇ ਸਕੂਲ ਵਿੱਚ ਦਾਖਲ ਹੋ ਸਕਦੇ ਹਨ। ਇਹ the enrolment cap ਸਾਨੂੰ ਦਸਦੀ ਹੈ ਕਿ ਸਕੂਲ ਗੈਰ-ਸਥਾਨਕ ਦਾਖਲੇ ਲੈਣ ਦੀ ਸਮਰੱਥਾ ਰੱਖਦਾ ਹੈ ਜਾਂ ਨਹੀਂ। ਇਹ ਕੋਈ ਟੀਚਾ ਜਾਂ ਸੀਮਾ ਨਹੀਂ ਹੈ ਕਿ ਸਕੂਲ ਕਿਨ੍ਹੇ ਸਥਾਨਕ ਦਾਖਲੇ ਲੈ ਸਕਦਾ ਹੈ।

ਹਰੇਕ ਸਥਾਨਕ ਇਨਟੇਕ ਵਾਲੇ ਖੇਤਰ ਦੇ ਸਕੂਲ 'ਤੇ ਵਿਭਾਗ ਵਲੋਂ Term 4 2019 ਤੋਂ cap ਰੱਖੀ ਜਾਵੇਗੀ।

The enrolment cap ਦੇ ਅੰਦਰ, ਸਥਾਨਕ ਵਿਦਿਆਰਥੀਆਂ ਦੀ ਸੰਭਾਵਿਤ ਸੰਖਿਆ ਲਈ ਕਈ ਸਥਾਨਾਂ ਨੂੰ ਵੱਖਰੇ ਰੱਖਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਸਾਲ ਦੇ ਦੌਰਾਨ ਦਾਖਲਾ ਲੇਣ ਦੀ ਜ਼ਰੂਰਤ ਹੋਵੇਗੀ। ਅਲੱਗ ਰੱਖੀਆਂ ਜਾਣ ਵਾਲੀਆਂ ਦਾਖਲੇ ਦੀਆਂ ਜਗ੍ਹਾ ਨੂੰ the buffer ਕਰਕੇ ਜਾਣਿਆ ਜਾਂਦਾ ਹੈ। ਇਸੇ ਕਾਰਨ ਕਰਕੇ, ਕੋਈ ਵੀ ਸਕੂਲ the buffer 'ਤੇ ਪਹੁੰਚ ਜਾਣ ਬਾਦ, ਕੋਈ ਵੀ ਆਸਾਧਾਰਣ ਹਾਲਾਤ ਨਾ ਹੋਣ ਦੀ ਸਥਿਤੀ ਵਿੱਚ ਕੋਈ ਵੀ ਗੇਰ-ਸਥਾਨਕ ਵਿਦਿਆਥੀ ਨਹੀਂ ਲਵੇਗਾ।

#### 100-ਪੌਇੰਟ ਰਿਹਾਇਸ਼ੀ ਪਤੇ ਦੀ ਚੈਕ

ਉਹ ਮਾਪੇ ਜਿਹੜੇ ਆਪਣੇ ਬੱਚੇ ਨੂੰ ਕਿਸੇ ਉਸ ਸਕੂਲ ਵਿੱਚ ਦਾਖਲ ਕਰਨ ਬਾਰੇ ਸੋਚ ਰਹੇ ਹਨ ਜੋ ਮਾਪੇ ਆਪਣੇ ਬੱਚੇ ਨੂੰ ਕਿਸੇ ਸਕੂਲ ਵਿੱਚ ਦਾਖਲ ਕਰਨ ਦੀ ਯੋਜਨਾ ਬਣਾ ਰਹੇ ਹਨ ਜੋ buffer ਜਾਂ cap ਪਹੁੰਚਣ ਦੇ ਕਰੀਬ ਹੈ ਜਾਂ ਉਹ buffer ਜਾਂ cap 'ਤੇ ਪਹੁੰਚ ਗਿਆ ਹੈ, ਨੂੰ ਪੁਸ਼ਟੀ ਕਰਨ ਲਈ 100-ਪੌਇੰਟ ਰਿਹਾਇਸ਼ੀ ਪਤੇ ਦੀ ਜਾਂਚ ਨੂੰ ਪੂਰਾ ਕਰਨ ਲਈ ਕਿਹਾ ਜਾਵੇਗਾ ਤਾਂ ਜੋ ਇਹ ਪੱਕਾ ਕੀਤਾ ਜਾ ਸੱਕੇ ਕਿ ਉਹ ਸਕੂਲ ਦੇ ਨਿਰਧਾਰਿਤ ਸਥਾਨਕ ਗ੍ਰਹਿਣ ਖੇਤਰ ਵਿੱਚ ਰਹਿੰਦੇ ਹਨ। ਇਸ ਦਾ ਮਤਲਬ ਹੈ ਕਿ ਮਾਪਿਆਂ ਨੂੰ ਬੱਚੇ ਦੇ ਅਜੋਕੇ ਪਤੇ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ ਪੇਸ਼ ਕਰਨੇ ਪੈਣਗੇ।

ਤਾਂ ਜੋ ਸਕੂਲ ਸਿਰਫ ਉਸ ਲੋੜੀਂਦੀ ਜਾਣਕਾਰੀ ਦੀ ਮੰਗ ਹੀ ਕਰਨ ਜਿਹੜੀ ਬੱਚੇ ਦੇ ਦਾਖਲੇ ਲਈ ਲੋੜੀਂਦੀ ਹੈ, ਘਰ ਦੇ ਪਤੇ ਦੇ ਚੈਕ ਕਰਨ ਲਈ ਸਕੂਲ ਤੋਂ ਜਾਂ ਮਹਿਕਮੇ ਦੀ ਵੈਬਸਾਈਟ ਤੋਂ ਇੱਕ ਪ੍ਰਵਾਨਿਤ ਸੂਚੀ ਇਥੇ ਉਪਲਬਧ ਹੈ
https://education.nsw.gov.au/policy-library/policies/enrolment-of-students-in-nsw-government-schools

#### ਗੇਰ-ਸਥਾਨਕ ਦਾਖਲੇ ਲਈ ਚੋਣ ਮਾਪਦੰਡ

ਭੈਣਾਂ-ਭਰਾਵਾਂ ਦੇ ਦਾਖਲਿਆ ਨੂੰ ਹੁਣ ਸਪਸ਼ਟ ਤੌਰ 'ਤੇ ਤਰਜੀਹ ਦਿੱਤੀ ਜਾਵੇਗੀ (ਜਿਥੇ ਵੀ ਸੰਭਵ ਹੋ ਸੱਕੇ) ਅਤੇ ਗੈਰ-ਸਥਾਨਕ ਦਾਖਲੇ ਲਈ ਚੋਣ ਮਾਪਦੰਡਾਂ ਵਿੱਚ ਵਿਦਿਆਰਥੀ ਦੀ ਯੋਗਤਾ, ਪ੍ਰਦਰਸ਼ਨ ਜਾਂ ਪ੍ਰਾਪਤੀ ਸ਼ਾਮਲ ਨਹੀਂ ਹੋਣਗੇ।

## ਕੀ ਬਦਲਿਆ ਨਹੀਂ ਹੈ?

ਸਕੂਲ ਦੀ cap ਸਥਿਤੀ ਦੀ ਪਰਵਾਹ ਨਾ ਕਰਦੇ ਹੋਏ ਸਕੂਲ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲ ਕਰਨਾ ਜਾਰੀ ਰੱਖਣਗੇ ਜੋ ਉਨ੍ਹਾਂ ਦੇ ਦਾਖਲ ਗ੍ਰਹਿਣ ਖੇਤਰ ਵਿੱਚ ਵੱਸਦੇ ਹਨ।

ਗੈਰ-ਸਥਾਨਕ ਵਿਦਿਆਰਥੀਆਂ ਦੇ ਭੈਣ – ਭਰਾਵਾਂ ਦੇ ਦਾਖਲੇ ਦੇ ਅਧਿਕਾਰਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ। ਉਪਲਬਧ ਸਥਾਨਾਂ ਵਾਲੇ ਸਕੂਲਾਂ ਵਿੱਚ, ਹਰੇਕ ਦਾਖਲੇ ਲਈ ਅਰਜੀ ਉਨ੍ਹਾਂ ਦੇ ਗੁਣਾਂ ਉਤੇ ਵਿਚਾਰੀ ਜਾਂਦੀ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਸ ਸਮੇਂ ਕੋਈ ਭੈਣ-ਭਰਾ ਉਸ ਸਕੂਲ ਜਾਂਦੇ ਹਨ। ਜੇ ਸਕੂਲ ਦਾਖਲੇ ਦੀ ਸਮਰੱਥਾ ਤੋਂ ਘੱਟ ਹਨ, ਤਾਂ ਮੌਜੂਦਾ ਵਿਦਿਆਰਥੀਆਂ ਦੇ ਖੇਤਰ ਤੋਂ ਬਾਹਰਲੇ ਭੈਣਾਂ-ਭਰਾਵਾਂ ਦੀਆਂ ਅਰਜੀਆਂ ਨੂੰ ਪਹਿਲ ਦਿੱਤੀ ਜਾਵੇਗੀ।

ਸਕੂਲ ਦਾਖਲੇ ਦੀ ਪ੍ਰਕਿਰਿਆ ਦੌਰਾਨ ਪਰਿਵਾਰਾਂ ਨੂੰ ਸਹਾਇਤਾ ਅਤੇ ਸਲਾਹ ਦਿੰਦੇ ਰਹਿਣਗੇ, ਖਾਸ ਕਰਕੇ ਕਮਜ਼ੋਰ ਵਿਦਿਆਰਥੀਆਂ ਅਤੇ ਅਸਾਧਾਰਨ ਅਤੇ ਮਜ਼ਬੂਰ ਹਾਲਾਤਾਂ ਦੇ ਪਰਿਵਾਰਾਂ ਲਈ ਮੁਲਾਂਕਣ।

ਸਕੂਲ ਦਾਖਲੇ ਬਾਰੇ ਫੈਸਲੇ ਲੈਣ ਵੇਲੇ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਕਿਰਿਆਵਾਂ ਦੀ ਵਰਤੋਂ ਕਰਦਿਆਂ ਨਿਰਪੱਖਤਾ ਅਤੇ ਨਿਰੰਤਰਤਾ ਨਾਲ ਨੀਤੀ ਨੂੰ ਲਾਗੂ ਕਰਨਾ ਜਾਰੀ ਰੱਖਣਗੇ। ਮਾਪਿਆਂ ਨੂੰ ਇਹ ਨਿਰਧਾਰਤ ਕਰਨ ਲਈ ਅਪੀਲ ਕਰਨ ਦਾ ਅਧਿਕਾਰ ਹੈ ਕਿ ਦੱਸੀਆਂ ਪ੍ਰਕਿਰਿਆਵਾਂ ਨੂੰ ਕਾਰਜਪ੍ਰਣਾਲੀ ਤੌਰ 'ਤੇ ਸਹੀ ਤਰੀਕੇ ਨਾਲ ਲਾਗੂ ਕੀਤਾ ਗਿਆ ਹੈ ਜਾਂ ਨਹੀਂ।

## ਪਰ ਤਬਦੀਲੀਆਂ ਮੇਰੇ ਲਈ ਕੀ ਅਰਥ ਰੱਖਦੀਆਂ ਹਨ?

### ਜੇ ਮੇਰਾ ਬੱਚਾ ਪਹਿਲਾਂ ਹੀ ਦਾਖਲ ਹੈ ਪਰ ਅਸੀਂ ਉਸ ਸਕੂਲ ਦੇ ਖੇਤਰ ਵਿੱਚ ਨਾ ਰਹਿੰਦੇ ਹੋਈਏ?

ਤੁਹਾਡਾ ਬੱਚਾ ਸਕੂਲ ਵਿੱਚ ਦਾਖਲ ਰਹੇਗਾ ਕਿਉਂਕਿ ਸੋਧੀ ਹੋਈ ਨੀਤੀ NSW ਦੇ ਸਰਕਾਰੀ ਸਕੂਲਾਂ ਵਿੱਚ ਪਹਿਲਾਂ ਤੋਂ ਦਾਖਲ ਵਿਦਿਆਰਥੀਆਂ ਨੂੰ ਪ੍ਰਭਾਵਿਤ ਨਹੀਂ ਕਰਦੀ।

### ਅਸੀ ਉਸ ਖੇਤਰ ਵਿੱਚ ਸੀ ਜਦੋਂ ਮੇਰੇ ਬੱਚੇ ਦਾ ਸਕੂਲ ਵਿੱਚ ਦਾਖਲਾ ਹੋਇਆ ਸੀ। ਵਿਭਾਗ ਨੇ ਹੁਣ ਸਕੂਲ ਦੀ ਸੀਮਾ ਨੂੰ ਬਦਲ ਦਿੱਤਾ ਹੈ ਅਤੇ ਹੁਣ ਸਾਡੀ ਰਿਹਾਇਸ਼ ਖੇਤਰ ਤੋਂ ਬਾਹਰ ਹੋ ਗਈ ਹੈ। ਮੇਰੇ ਹੋਰ ਬੱਚੇ ਹਨ ਅਤੇ ਮੈਂ ਚਾਹੁੰਦਾ/ ਚਾਹੁੰਦੀ ਹਾਂ ਕਿ ਉਹ ਸਾਰੇ ਇਕੋ ਸਕੂਲ ਵਿੱਚ ਜਾਣ। ਮੇਰੇ ਵਿਕਲਪ ਕੀ ਹਨ?

ਕਈ ਵਾਰ ਵਿਭਾਗ ਲਈ ਇਹ ਜ਼ਰੂਰੀ ਹੁੰਦਾ ਹੇ ਕਿ ਉਹ ਸਕੂਲ ਦੇ ਸਥਾਨਕ ਦਾਖਲੇ ਦੇ ਖੇਤਰ ਵਿੱਚ ਤਬਦੀਲੀਆਂ ਕਰਨ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਕਿਸੇ ਪਰਿਵਾਰ ਦੇ ਬੱਚੇ ਜਾਂ ਬੱਚਿਆਂ ਦਾ ਨਾਮ ਦਰਜ ਹੋ ਗਿਆ ਹੈ ਪਰ ਉਹ ਸਥਾਨਕ ਦਾਖਲੇ ਦੇ ਖੇਤਰ ਤੋਂ ਬਾਹਰ ਹੈ। ਜਦੋਂ ਅਜਿਹਾ ਹੁੰਦਾ ਹੈ, ਪਰਿਵਾਰ ਅਜੇ ਵੀ ਸਕੂਲ ਵਿੱਚ ਭੈਣਾਂ-ਭਰਾਵਾਂ ਨੂੰ ਉਸ ਸਕੂਲ ਵਿੱਚ ਇਕੱਠੇ ਦਾਖਲ ਕਰਵਾ ਸਕਦੇ ਹਨ, ਚਾਹੇ ਉਹ ਸਕੂਲ buffer ਜਾਂ cap ਤੋਂ ਬਾਹਰ ਹੋਣ।

### ਮੇਰਾ ਇੱਕ ਬੱਚਾ ਪਹਿਲਾਂ ਹੀ NSW ਦੇ ਸਰਕਾਰੀ ਸਕੂਲ ਵਿੱਚ ਖੇਤਰ ਤੋਂ ਬਾਹਰਲੇ ਸਕੂਲ ਵਿੱਚ ਦਾਖਲ ਹੈ। ਕੀ ਮੈਂ ਆਪਣੇ ਹੋਰ ਬੱਚਿਆਂ ਨੂੰ ਵੀ ਉਸ ਸਕੂਲ ਵਿੱਚ ਦਾਖਲ ਕਰਵਾ ਸਕਦਾ ਹਾਂ?

ਇਹ ਸਕੂਲ ਦਿ ਸਮਰੱਥਾ 'ਤੇ ਨਿਰਭਰ ਕਰੇਗਾਂ ਕਿ:

- ਜੇ ਸਕੂਲ **ਆਪਣੇ buffer ਦੇ ਨੇੜੇ ਨਹੀਂ ਹੈ**, ਤਾਂ ਭੈਣਾਂ-ਭਰਾਵਾਂ ਨੂੰ ਸਕੂਲ ਵਿੱਚ ਦਾਖਲ ਹੋਣ ਦੇ ਯੋਗ ਹੋਣਾ ਚਾਹੀਦਾ ਹੈ। ਦਰਅਸਲ, ਇਸ ਵੇਲੇ ਦਾਖਲ ਹੋਏ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਨੂੰ ਹੋਰ ਗੈਰ –ਸਥਾਨਕ ਦਾਖਲਿਆਂ ਦੀਆਂ ਅਰਜੀਆਂ ਨਾਲੋਂ ਜਿਥੇ ਵੀ ਸੰਭਵ ਹੋਵੇ, ਪਹਿਲ ਦਿੱਤੀ ਜਾਵੇਗੀ।
- ਜੇ ਸਕੂਲ **ਆਪਣੇ buffer ਦੇ ਨੇੜੇ ਹੈ**, ਤਾਂ ਸਕੂਲ ਗੈਰ-ਸਥਾਨਕ ਦਾਖਲਾ ਪੈਨਲ ਬਣਾਏਗਾ। ਪੈਨਲ ਗੈਰ-ਸਥਾਨਕ ਦਾਖਲਾ ਕਾਰਜਾਂ ਬਾਰੇ ਵਿਚਾਰ ਕਰਦਾ ਹੈ ਜਦੋਂ ਪ੍ਰਾਪਤ ਕੀਤੀ ਗਈ ਗੈਰ-ਸਥਾਨਕ ਕਾਰਜਾਂ ਦੀ ਗਿਣਤੀ buffer ਦੇ ਹੇਠਾਂ ਉਪਲਬਧ ਸਥਾਨਾਂ ਦੀ ਗਿਣਤੀ ਤੋਂ ਵੱਧ ਜਾਂਦੀ ਹੈ। ਦੁਬਾਰਾ, ਇਸ ਉਦਾਹਰਣ ਵਿੱਚ, ਇਸ ਵੇਲੇ ਦਾਖਲ ਹੋਏ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਥੇ ਸੰਭਵ ਹੋਵੇ, ਹੋਰ ਗੈਰ-ਸਥਾਨਕ ਦਾਖਲਿਆਂ ਦੀਆਂ ਅਰਜੀਆਂ ਦੇ ਮੁਕਾਬਲੇ।
- ਜੇ ਸਕੂਲ ਦੀ **ਸਮਰੱਥਾ ਅਰਥਾਤ ਪੂਰੀ ਹੈ**, ਉਹ ਗੈਰ-ਸਥਾਨਕ ਦਾਖਲੇ ਦੀਆਂ ਅਰਜੀਆਂ ਨੂੰ ਸਵੀਕਾਰ ਨਹੀਂ ਕਰਨਗੇ ਜਦੋਂ ਤੱਕ ਕਿ ਕੋਈ ਅਪਾਹਜ ਹਾਲਾਤ ਨਾ ਹੋਣ।

### ਮੈਂ ਆਪਣੇ ਬੱਚੇ ਲਈ 2020 ਵਿੱਚ ਕਿਸੇ ਸਕੂਲ ਵਿੱਚ ਜਾਣ ਦੀ ਪੇਸ਼ਕਸ਼ ਪਹਿਲਾਂ ਹੀ ਸਵੀਕਾਰ ਕਰ ਲਈ ਹੈ ਜੋ ਮੇਰਾ ਸਥਾਨਕ ਸਕੂਲ ਨਹੀਂ ਹੈ। ਹੁਣ ਕੀ ਹੋਵੇਗਾ?

ਦਾਖਲਾ ਅੱਗੇ ਵਧੇਗਾ। 2020 ਤੋਂ ਸ਼ੁਰੂ ਹੋਣ ਵਾਲੇ ਵਿਦਿਆਰਥੀਆਂ ਲਈ Term 4 2019 ਤੋਂ ਪਹਿਲਾਂ ਸਵੀਕਾਰ ਕੀਤੇ ਗਏ ਗੈਰ ਸਥਾਨਕ ਦਾਖਲੇ ਪ੍ਰਭਾਵਿਤ ਨਹੀਂ ਹੋਣੇ ਚਾਹੀਦੇ।

### ਉਹ ਸਕੂਲ ਜੋ ਮੇਰਾ ਸਥਾਨਕ ਸਕੂਲ ਨਹੀਂ ਹੈ, ਵਿੱਚ ਦਾਖਲੇ ਲਈ ਕਿਹੜਾ ਮਾਪਦੰਡ ਹੈ?

ਜੇ ਸਕੂਲ ਗੈਰ-ਸਥਾਨਕ ਦਾਖਲੇ ਦੀਆਂ ਅਰਜੀਆਂ ਨੂੰ ਸਵੀਕਾਰ ਕਰਨ ਦੇ ਯੋਗ ਹੁੰਦੇ ਹਨ ਉਹ ਇੱਕ ਗੈਰ-ਸਥਾਨਕ ਦਾਖਲਾ ਚੋਣ ਪੈਨਲ ਸਥਾਪਤ ਕਰਦੇ ਹਨ, ਜੇ ਮੰਗ ਸਕੂਲ ਦੇ buffer ਤੋਂ ਹੇਠਾਂ ਸਥਾਨਾਂ ਦੀ ਗਿਣਤੀ ਤੋਂ ਵੱਧ ਜਾਂਦੀ ਹੈ।

ਸਕੂਲਾਂ ਨੂੰ ਚੋਣ ਮਾਪਦੰਡ ਸਕੂਲ ਦੇ ਭਾਈਚਾਰੇ ਨੂੰ ਉਪਲਬਧ ਕੀਤੇ ਜਾਣੇ ਚਾਹੀਦੇ ਹਨ।

### ਮੇਰੇ ਹਾਲਾਤ ਚੁਣੌਤੀਪੂਰਨ ਹਨ ਅਤੇ ਮੈਨੂੰ ਲਗਦਾ ਹੈ ਕਿ ਇਹ ਸਕੂਲ ਮੇਰੇ ਬੱਚੇ ਲਈ ਸਭ ਤੋਂ ਵਧੀਆ ਹੈ। ਅਸੀਂ ਸਕੂਲ ਦੇ ਦਾਖਲੇ ਵਾਲੇ ਖੇਤਰ ਤੋਂ ਬਾਹਰ ਰਹਿੰਦੇ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਅਸੀਂ ਸਮਝਦੇ ਹਾਂ ਕਿ ਹਰ ਕਿਸੇ ਦੇ ਹਾਲਾਤ ਇੱਕੋ ਜਿਹੇ ਨਹੀਂ ਹੁੰਦੇ, ਅਤੇ ਕਈ ਅਜਿਹੀਆਂ ਉਦਾਹਰਣਾਂ ਹੁੰਦੀਆਂ ਹਨ ਜਿੱਥੇ ਮਜਬੂਰ ਕਰਨ ਵਾਲੀਆਂ ਸਥਿਤੀਆਂ ਹੋਣ ਕਰਕੇ ਵਿਚਾਰ ਕਰਨ ਦੀ ਜ਼ਰੂਰਤ ਹੁੰਦੀ ਹੈ।

ਜੇ ਇਹ ਸਥਿਤੀ ਹੈ, ਤਾਂ ਤੁਹਾਨੂੰ ਆਪਣੇ ਸਥਾਨਕ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰਨੀ ਚਾਹੀਦੀ ਹੈ।

## ਸੰਪਰਕ

ਆਮ ਜਾਣਕਾਰੀ ਲਈ ਸੰਪਰਕ: 1300 679 332 ਜਾਂ ਈਮੇਲ: DoEinfo@det.nsw.edu.au

ਦਾਖਲੇ ਸਬੰਧੀ ਪੁਛ-ਗਿਛ ਲਈ, ਆਪਣੇ ਸਥਾਨਕ ਸਕੂਲ ਨਾਲ ਸੰਪਰਕ ਕਰੋ। ਸਕੂਲ ਦੇ ਸੰਪਰਕ ਵੇਰਵੇ ਇਥੋਂ ਲਓ: https://education.nsw.gov.au/public-schools/going-to-a-public-school/finding-a-public-school

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਸੀਂ ਚਾਹੁੰਦੇ ਹੋ ਕਿ ਦੁਭਾਸ਼ੀਆ ਤੁਹਾਡੀ ਮਦਦ ਕਰੇ ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪਰੈਟਰ ਸੇਵਾ ਨਾਲ 13 14 50 ਤੇ ਸੰਪਰਕ ਕਰਕੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਨੂੰ ਉਹ ਨੰਬਰ ਦਿਓ ਜਿਸ 'ਤੇ ਤੁਸੀਂ ਕਾਲ ਕਰਨੀ ਚਾਹੁੰਦੇ ਹੋ ਅਤੇ ਅਪਰੇਟਰ ਤੁਹਾਡੀ ਗਲ ਬਾਤ ਵਿੱਚ ਮਦਦ ਕਰਨ ਲਈ ਇੱਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਤੁਹਾਡੇ ਕੋਲੋਂ ਇਸ ਸੇਵਾ ਲਈ ਕੋਈ ਫੀਸ ਨਹੀਂ ਵਸੂਲੀ ਜਾਵੇਗੀ।